# ਮੂਸਾ ਅਤੇ ਪੁਰਾਣੇ ਨੇਮ ਦੀ ਬਿਵਸਥਾ

## ਪੰਚ ਗ੍ਰੰਥ ਭਾਗ 3 : ਕੂਚ, ਪਰਮੇਸ਼ੁਰ ਦੀ ਬਿਵਸਥਾ ਦਿੱਤੀ ਗਈ

ਜਿਹੜੇ ਲੋਕ ਬੱਚਿਆਂ ਨੂੰ ਸਿੱਖਿਆ ਦੇਂਦੇ ਹਨ ਉਨ੍ਹਾਂ ਨੂੰ P2b3 ਦਾ ਅਧਿਐਨ ਕਰਨਾ ਚਾਹੀਦਾ ਹੈ।

ਪ੍ਰਾਰਥਨਾ : ''ਪ੍ਰਾਚੀਨ ਇਸਰਾਏਲ ਨੂੰ ਦਿੱਤੇ ਗਏ ਤੇਰੇ ਹੁਕਮਾਂ ਦਾ ਵਰਤਮਾਨ ਮਕਸਦ ਸਮਝਣ ਵਿੱਚ ਸਾਡੀ ਮਦਦ ਕਰ।''

**1.** ਪਰਮੇਸ਼ੁਰ ਦੇ ਵਚਨ ਨਾਲ ਆਪਣੇ ਦਿਲ ਅਤੇ ਦਿਮਾਗ ਨੂੰ ਤਿਆਰ ਕਰੋ।

ਕੂਚ **19** ਨੂੰ ਇਹ ਸਮਝਣ ਲਈ ਪੜ੍ਹੋ ਕਿ ਕਿਵੇਂ ਪਰਮੇਸ਼ੁਰ ਨੇ ਲੋਕਾਂ ਨੂੰ ਆਪਣੇ ਦਸ ਹੁਕਮਾਂ ਨੂੰ ਕਬੂਲ ਕਰਨ ਲਈ ਤਿਆਰ ਕੀਤਾ, ਜਿਹੜੇ ਪੁਰਾਣੇ ਨੇਮ ਦੀ ਬਿਵਸਥਾ ਦਾ ਦਿਲ ਅਤੇ ਨੀਂਹ ਹਨ।



ਦਸ ਹੁਕਮ (ਸੰਖਿਪਤ)

ਤੇਰੇ ਸਨਮੁਖ ਦੂਜੇ ਦੇਵਤੇ ਨਹੀਂ, ਪਰ ਮੈਂ ਹੋਵਾਂ
ਮੂਰਤੀ ਨਾ ਬਣਾ,
ਪਰਮੇਸ਼ੁਰ ਦਾ ਨਾਮ ਵਿਅਰਥ ਨਾ ਲੈ,
ਸਬਤ ਦੇ ਦਿਨ ਨੂੰ ਪਵਿੱਤਰ ਜਾਣ,
ਆਪਣੇ ਪਿਤਾ ਅਰ ਮਾਤਾ ਦਾ ਆਦਰ ਕਰ,
ਤੂੰ ਖ਼ੂਨ ਨਾ ਕਰ,
ਤੂੰ ਜ਼ਨਾਹ ਨਾ ਕਰ,
ਤੂੰ ਚੋਰੀ ਨਾ ਕਰ,
ਗੁਆਂਢੀ ਦੇ ਘਰ ਦੀ ਲਾਲਸਾ ਨਾ ਕਰ,
ਦੂਜੇ ਲੋਕਾਂ ਦੀ ਸੰਪਤੀ ਦੀ ਲਾਲਸਾ ਨਾ ਕਰ।

ਕੂਚ **20:1-17** ਵਿੱਚ ਦਸ ਹੁਕਮਾਂ ਦੇ ਸੰਪੂਰਨ ਸਾਰ ਨੂੰ ਸਮਝੋ, ਜਿਨ੍ਹਾਂ ਨੂੰ ਪੁਰਾਣਾ ਨੇਮ ਆਮ ਤੌਰ ਤੇ ਬਿਵਸਥਾ ਜਾਂ ਨੇਮ ਕਹਿੰਦਾ ਹੈ।

ਦਸ ਹੁਕਮਾਂ ਬਾਰੇ ਇਤਹਾਸਿਕ ਤੱਥ

- ਪਰਮੇਸ਼ੁਰ ਨੇ ਇਸਰਾਏਲੀਆਂ ਨੂੰ, ਲਾਲ ਸਮੁੰਦਰ ਵਿੱਚੋਂ ਦੀ ਰਸਤਾ ਬਣਾ ਕੇ ਮਿਸਰ ਦੀ ਗੁਲਾਮੀ ਵਿੱਚੋਂ ਚਮਤਕਾਰੀ ਢੰਗ ਨਾਲ ਬਾਹਰ ਕੱਢਣ ਤੋਂ ਤੁਰੰਤ ਬਾਅਦ ਦਸ ਹੁਕਮ ਦਿੱਤੇ। ਉਨ੍ਹਾਂ ਉਸ ਮਹਾਨ ਕਿਰਪਾ ਦੇ ਚਮਤਕਾਰ ਕਾਰਨ ਉਸ ਦੀ ਆਗਿਆ ਮੰਨਣੀ ਸੀ (ਕੂਚ 20:2)
- ਪੁਰਾਣੀ ਬਿਵਸਥਾ ਵਿੱਚ ਦਸ ਮੂਲ ਹੁਕਮਾਂ ਸਮੇਤ 612 ਹੁਕਮ ਸਨ। ਪਰਮੇਸ਼ੁਰ ਹੁਣ ਆਪਣੇ ਲੋਕਾਂ ਕੋਲੋਂ ਇਨ੍ਹਾਂ ਸਾਰਿਆਂ ਹੁਕਮਾਂ ਨੂੰ ਮੰਨਣ ਦੀ ਮੰਗ ਨਹੀਂ ਕਰਦਾ, ਜਿਵੇਂ ਕਿ ਸਿਰਫ ਯਰੂਸ਼ਲਮ ਵਿੱਚ ਅਰਾਧਨਾ ਕਰਨਾ, ਉਨ੍ਹਾਂ ਲੋਕਾਂ ਨੂੰ ਮਾਰ ਸੁੱਟਣਾ ਜਿਨ੍ਹਾਂ ਸੱਤਵੇਂ ਦਿਨ (ਸਬਤ) ਕੰਮ ਕੀਤਾ, ਸਬਤ ਸਾਲਾਂ ਦੌਰਾਨ ਜ਼ਮੀਨ ਦੀ ਵਾਹੀ ਨਾ ਕਰਨਾ, ਜਾਨਵਰਾਂ ਦੀ ਕੁਰਬਾਨੀ ਦੇਣਾ। ਪੁਰਾਣੇ ਨੇਮ ਦੇ ਕੁਝ ਹੁਕਮਾਂ ਦੀ ਨਵੇਂ ਨੇਮ ਵਿੱਚ ਮੰਗ ਕੀਤੀ ਗਈ ਹੈ। ਦੋਵੇਂ ਨੇਮਾਂ ਦਾ ਮੁੱਖ ਹੁਕਮ, ਪਿਆਰ ਦਾ ਹੁਕਮ ਹੈ (ਬਿਵਸਥਾ ਸਾਰ 6:4-5)। ਪੌਲੁਸ ਰਸੂਲ ਨੇ ਉਨ੍ਹਾਂ ਨੂੰ ਝਿੜਕਿਆ, ਜਿਹੜੇ ਲੋਕ ਚਾਹੁੰਦੇ ਸਨ ਕਿ ਵਿਸ਼ਵਾਸੀ ਖਾਸ ਦਿਨਾਂ ਨੂੰ ਮੰਨਣ ਅਤੇ ਸਿਰਫ ਮਨਜ਼ੂਰਸ਼ੁਦਾ ਭੋਜਨ ਹੀ ਖਾਣ (ਗਲਾਤੀਆਂ 3:1-3; 4:9-11; ਕੁਲੁੱਸੀਆਂ 2:16-17)।
- ਮੂਸਾ ਨੇ ਆਪਣੇ ਸਹੁਰੇ ਯਿਥਰੋ ਦੀ ਸਲਾਹ ਮੰਨੀ ਅਤੇ ਪਰਮੇਸ਼ੁਰ ਦੇ ਲੋਕਾਂ ਦਾ ਨਿਆਂ ਕਰਨ ਲਈ ਬਜ਼ੁਰਗ

ਥਾਪੇ (ਕੂਚ 18:24-25)। ਇਨ੍ਹਾਂ ਨਿਆਈਆਂ ਨੇ ਪਰਮੇਸ਼ੁਰ ਦੀ ਬਿਵਸਥਾ ਨੂੰ ਜਾਣਨਾ ਸੀ (ਕੂਚ 19:7)। ਇਕ ਵਾਰ, ਇੱਧਰ ਉੱਧਰ ਭਟਕ ਰਹੇ ਇਸਰਾਏਲੀਆਂ ਨੇ ਪਰਬਤ ਨੇੜੇ, ਜਿਸਨੂੰ ਬਾਅਦ ਵਿੱਚ ਸੀਨਈ ਕਿਹਾ ਗਿਆ, ਡੇਰਾ ਲਾਇਆ। ਪਰਮੇਸ਼ੁਰ ਨੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਨੇ ਇਸ ਪਰਬਤ ਤੇ ਨਹੀਂ ਚੜ੍ਹਨਾ, ਨਹੀਂ ਤਾਂ ਉਹ ਮਰ ਜਾਣਗੇ (ਕੂਚ 19:2-5)। ਸਿਰਫ ਮੂਸਾ ਨੂੰ ਉੱਪਰ ਜਾਣ ਦੀ ਆਗਿਆ ਸੀ। ਪਰਮੇਸ਼ੁਰ ਉੱਥੇ ਵੱਡੀ ਗੜਕ, ਬਿਜਲੀ ਅਤੇ ਬਹੁਤ ਸਾਰੇ ਧੂੰਏ ਵਿੱਚ ਆਇਆ, ਸਾਰਾ ਪਹਾੜ ਕੰਬ ਗਿਆ (ਕੂਚ 19:16-20)। ਉੱਥੇ, ਪਰਮੇਸ਼ੁਰ ਨੇ ਮੂਸਾ ਨੂੰ ਪੱਥਰ ਦੀਆਂ ਤਖ਼ਤੀਆਂ ਉੱਤੇ ਲਿਖੇ ਦਸ ਹੁਕਮ ਦਿੱਤੇ (ਕੂਚ 24:12)।

- ਨਵਾਂ ਨੇਮ ਦਸ ਹੁਕਮਾਂ ਵਿੱਚੋਂ ਨੌਂ ਨੂੰ ਦੁਹਰਾਉਂਦਾ ਹੈ ਜਿਨ੍ਹਾਂ ਨੂੰ ਮੰਨਣ ਦੀ ਮਸੀਹੀ ਵਿਸ਼ਵਾਸੀਆਂ ਕੋਲ ਮੰਗ ਕੀਤੀ ਗਈ ਹੈ। ਵਿਸ਼ਵਾਸੀਆਂ ਨੂੰ ਹਫ਼ਤੇ ਦੇ ਸੱਤਵੇਂ ਦਿਨ ਨੂੰ ਅਰਾਮ ਕਰਨ ਲਈ ਵੱਖਰਾ ਕਰਨ ਦੀ ਲੋੜ ਨਹੀਂ ਹੈ। ਪਹਿਲੀਆਂ ਕੁਝ ਮਸੀਹੀ ਕਲੀਸਿਯਾਵਾਂ 'ਹਫ਼ਤੇ ਦੇ ਪਹਿਲੇ ਦਿਨ' ਇਕੱਠੀਆਂ ਹੁੰਦੀਆਂ ਸਨ (ਰਸੂਲਾਂ ਦੇ ਕਰਤੱਬ 20:7)। ਪਰਮੇਸ਼ੁਰ ਨੇ ਸਬਤ ਨੂੰ ਕਿਸੇ ਹੋਰ ਦਿਨ ਵਿੱਚ ਨਹੀਂ ਬਦਲਿਆ। ਬਲਕਿ, ਉਸਨੇ ਨੇਮ ਨੂੰ ਬਦਲਿਆ ਹੈ, ਜੋ ਅਰਾਮ ਦੇ ਪ੍ਰਕਾਰ ਨੂੰ ਜਿਹੜਾ ਉਹ ਆਪਣੇ ਲੋਕਾਂ ਨੂੰ ਦੇਂਦਾ ਹੈ, ਪਰਿਭਾਸ਼ਿਤ ਕਰਦਾ ਹੈ (ਇਬਰਾਨੀਆਂ 4:3-12)। ਕੁਝ ਕਲੀਸਿਆਵਾਂ ਹਾਲੇ ਵੀ ਸਬਤ ਦੇ ਦਿਨ ਪੂਰੇ ਅਰਾਮ ਦੀ ਮੰਗ ਕਰਦੀਆ ਹਨ।
- **ਸੱਤਵੇਂ ਦਿਨ ਦੇ ਅਰਾਮ** ਦੀ ਮੰਗ ਪੁਰਾਣੇ ਨੇਮ ਦੁਆਰਾ ਕੀਤੀ ਜਾਂਦੀ ਸੀ, ਜਿਵੇਂ ਪੁਰਾਣੇ ਨੇਮ ਦੇ ਬਹੁਤ ਸਾਰੇ ਨਿਯਮ, ਪੁਰਾਣੇ, ਅਸਥਾਈ ਅਤੇ ਸੰਸਾਰਕ ਸ੍ਰਿਸ਼ਟੀ ਤੇ ਕੇਂਦਰਿਤ ਸਨ, ਕਿਉਂਕਿ ਪਰਮੇਸ਼ੁਰ ਨੇ ਸਾਡੇ ਸੰਸਾਰ ਨੂੰ ਰਚਣ ਤੋਂ ਬਾਅਦ ਸੱਤਵੇਂ ਦਿਨ ਅਰਾਮ ਕੀਤਾ (ਕੂਚ 20:11)।
- **ਹਫ਼ਤੇ ਦਾ ਪਹਿਲਾ ਦਿਨ**, ਜਿਸ ਦਿਨ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ, ਨਵੇਂ ਨੇਮ ਦੀ ਨਵੀਂ ਆਤਮਿਕ ਸ੍ਰਿਸ਼ਟੀ ਤੇ ਕੇਂਦਰਿਤ ਹੈ, ਜਿਸਨੇ ਪੁਰਾਣੇ ਦਾ ਸਥਾਨ ਲੈ ਲਿਆ। ਵਿਸ਼ਵਾਸੀ ਜਦੋਂ ਪਵਿੱਤਰ ਆਤਮਾ ਦੁਆਰਾ ਨਵੇਂ ਸਿਰਿਓਂ ਜਨਮ ਲੈਂਦੇ ਹਨ ਤਾਂ ਉਹ ਇਸ ਨਵੀਂ ਸਦੀਪਕ ਸ੍ਰਿਸ਼ਟੀ ਦਾ ਹਿੱਸਾ ਬਣ ਜਾਂਦੇ ਹਨ (ਯਿਰਮੀਯਾਹ 31:31-34; 2 ਕੁਰਿੰ. 5:17)।
- ਪਰਮੇਸ਼ੁਰ ਨੇ ਪੁਰਾਣੇ ਨੇਮ ਦੀ ਬਿਵਸਥਾ ਨੂੰ ਕਿਰਪਾ ਦੇ ਨਵੇਂ ਨੇਮ ਵਿੱਚ ਬਦਲ ਦਿੱਤਾ। ਕਿਉਂਕਿ ਯਿਸੂ ਨੇ ਆਪਣੇ ਲਹੂ ਨਾਲ ਨਵੇਂ ਨੇਮ ਨੂੰ ਸ਼ੁਰੂ ਕੀਤਾ। ਨਵਾਂ ਨੇਮ ਵਿਸ਼ਵਾਸੀਆਂ ਦੇ ਮੰਨਣ ਲਈ ਨਵੀਂ ਪ੍ਰਕਾਰ ਦੀ ਸ਼ਰਾ ਪ੍ਰਗਟ ਕਰਦਾ ਹੈ। ਇਸ ਨੂੰ **ਅਜ਼ਾਦੀ** ਦੀ ਸ਼ਰਾ (ਯਾਕੂਬ 1:14), **ਨਿਹਚਾ** ਦੀ ਸ਼ਰਾ (ਰੋਮੀਆਂ 3:27-28), **ਪ੍ਰੇਮ** ਦੀ ਸ਼ਰਾ (ਗਲਾਤੀਆਂ 5:14) ਅਤੇ **ਆਤਮਾ** ਦੀ ਸ਼ਰਾ (ਰੋਮੀਆਂ 8:2-4) ਕਿਹਾ ਗਿਆ ਹੈ। ਹੋਰ ਵੀ ਅਧਿਕ ਪਰਤਾਪੀ ਅਤੇ ਸਦੀਪਕ "ਆਤਮਾ ਦੀ ਸੇਵਕਾਈ," ਨੇ ਪੁਰਾਣੀ "ਮੌਤ ਦੀ ਸੇਵਕਾਈ", ਜੋ ਪੁਰਾਣੀ ਸ਼ਰਾ ਸੀ, ਜੋ ਅਲੋਪ ਹੋਣੀ ਸੀ, ਦਾ ਸਥਾਨ ਲੈ ਲਿਆ (2 ਕੁਰਿੰਥੀਆਂ 3:7-11)।
- ਪੁਰਾਣੇ ਨੇਮ ਦੀ ਸ਼ਰਾ ਮੌਤ ਲਿਆਈ, ਕਿਉਂਕਿ ਕੋਈ ਵੀ ਇਸਦੇ ਸਾਰੇ ਹੁਕਮਾਂ ਦੀ ਪਾਲਨਾ ਨਹੀਂ ਕਰ ਸਕਿਆ। ਇਸਦਾ ਮਕਸਦ ਤਿੰਨ ਪ੍ਰਕਾਰ ਦਾ ਸੀ:
  1) ਇਹ ਪ੍ਰਾਚੀਨ ਇਸਰਾਏਲ ਲਈ ਨਾਗਰਿਕਤਾ ਅਤੇ ਸੈਨਾ ਦੇ ਨਿਯਮਾਂ ਬਾਰੇ ਦੱਸਦੀ ਸੀ, ਤਾਂ ਜੋ ਬਜੁਰਗ ਸਮਝਦਾਰੀ ਨਾਲ ਨਿਆਂ ਕਰ ਸਕਦੇ।
  2) ਇਹ ਪਾਪ ਦਾ ਗਿਆਨ ਲਿਆਈ (ਰੋਮੀਆਂ 3:19-20);
  3) ਇਸਨੇ ਪਾਪੀਆਂ ਨੂੰ ਮਸੀਹ ਵੱਲ ਅਗਵਾਈ ਕਰਨ ਲਈ, ਜਿਸਨੇ ਸਾਡੇ ਸਾਰੇ ਕਰਜ਼ ਜੋ ਸਾਡੀ ਮੌਤ ਦਾ ਕਾਰਨ ਸੀ, ਸਲੀਬ ਉੱਤੇ ਕਿੱਲਾਂ ਨਾਲ ਚੁਕਾਇਆ, ਆਉਣ ਵਾਲੀਆਂ ਉੱਤਮ ਚੀਜ਼ਾਂ ਲਈ 'ਉਸਤਾਦ' ਅਤੇ ਜਾਂ ਪਰਛਾਵੇਂ ਦਾ ਕੰਮ ਕੀਤਾ (ਗਲਾਤੀਆਂ 3:24-25; ਕੁਲੁੱਸੀਆ 2:14-17)।

**ਕੂਚ 32 ਪੜ੍ਹੋ**, ਪਰਮੇਸ਼ੁਰ ਦੁਆਰਾ ਮੂਸਾ ਨੂੰ ਦਸ ਹੁਕਮ ਦੇਣ ਦਾ ਇਕ ਹੋਰ ਵਿਵਰਨ। ਪੜ੍ਹੋ ਕਿ:

- ਪਰਮੇਸ਼ੁਰ ਇਸਰਾਏਲੀਆਂ ਨਾਲ ਕਿਉਂ ਕ੍ਰੋਧਿਤ ਹੋਇਆ।
- ਮੂਰਤੀ ਪੂਜ਼ਕਾਂ ਨੂੰ ਨਾਸ ਕਰਨ ਬਾਰੇ ਪਰਮੇਸ਼ੁਰ ਨੇ ਆਪਣਾ ਮਨ ਕਿਉਂ ਬਦਲ ਦਿੱਤਾ।
- ਮੂਸਾ ਨੇ ਆਪਣੇ ਗੁੱਸੇ ਦੇ ਕਾਰਨ ਤਖ਼ਤੀਆਂ ਨਾਲ ਕੀ ਮੂਰਖਤਾ ਵਾਲੀ ਗੱਲ ਕੀਤੀ।

**2. ਯੋਜਨਾ ਬਣਾਓ ਕਿ 'ਸ਼ਰਾ ਦੀ ਪੱਤਰੀ' ਦੀ ਬਜਾਏ ਪਵਿੱਤਰ ਆਤਮਾ ਦੀ ਅਗਵਾਈ ਨਾਲ ਵਿਸ਼ਵਾਸੀ ਅਗਲੇ ਹਫ਼ਤੇ ਇਕ ਦੂਜੇ ਦੀ ਮਦਦ ਕਰਨ ਲਈ ਕੀ ਕਰਨਗੇ।**

ਜੇਕਰ ਕੋਈ ਵਿਸ਼ਵਾਸੀ ਪੁਰਾਣੇ ਨੇਮ ਦੀ ਸ਼ਰਾ ਬਾਰੇ ਉਲਝਣ ਵਿੱਚ ਹੈ, ਤਾਂ ਉਨ੍ਹਾਂ ਕੋਲ ਜਾ ਕੇ, ਉਨ੍ਹਾਂ ਨੂੰ ਇਸ ਅਧਿਐਨ ਵਿੱਚ ਦਿੱਤੀਆਂ ਗਈਆਂ ਸੱਚਾਈਆਂ ਬਾਰੇ ਦੱਸੋ। ਦੱਸੋ ਕਿ ਮਸੀਹੀ ਵਿਸ਼ਵਾਸੀ ਹੁਣ ਕਿਰਪਾ ਦੇ ਨਵੇਂ ਨੇਮ ਅਧੀਨ ਰਹਿੰਦੇ ਹਨ। ਵਿਸ਼ਵਾਸੀਆਂ ਦੇ ਜੀਵਨਾਂ ਦੇ ਛੋਟੇ ਤੋਂ ਛੋਟੇ ਵੇਰਵੇ ਤੇ ਵੀ ਲਿਖਤੀ ਸ਼ਰਾ ਦਾ ਕੋਈ ਕਾਬੂ

ਨਹੀਂ ਹੈ; ਪਵਿੱਤਰ ਆਤਮਾ ਮਸੀਹੀਆਂ ਦੀ ਅਗਵਾਈ, ਅਜ਼ਾਦੀ ਦੀ ਸ਼ਰਾ ਨਾਲ ਕਰਦਾ ਹੈ, ਜਦੋਂ ਅਸੀਂ ਪ੍ਰੇਮ ਦੀ ਸ਼ਰਾ ਨੂੰ ਮੰਨਦੇ ਹਾਂ।

ਜੇਕਰ ਵਿਸ਼ਵਾਸੀ ਪੁਰਾਣੇ ਨੇਮ ਦੇ ਕਾਨੂੰਨਾਂ ਦੀ ਪਾਲਨਾ ਕਰਨ ਵਿੱਚ ਆਪਣੇ ਆਪ ਨੂੰ ਬੰਨ੍ਹਿਆ ਹੋਇਆ ਮਹਿਸੂਸ ਕਰਦੇ ਹਨ, ਤਾਂ ਸ਼ਰਾ ਦੀ ਗੁਲਾਮੀ ਤੋਂ ਉਨ੍ਹਾਂ ਦੀ ਅਜ਼ਾਦੀ ਲਈ ਪ੍ਰਾਰਥਨਾ ਕਰੋ। ਉਨ੍ਹਾਂ ਨੂੰ ਰੋਮੀਆਂ 6:14 ਆਇਤ ਯਾਦ ਕਰਨ ਵਿੱਚ ਮਦਦ ਕਰੋ, ''ਕਿਉਂ ਜੋ ਤੁਹਾਡੇ ਉੱਤੇ ਪਾਪ ਦੀ ਵਾਹ ਨਾ ਚੱਲੇਗੀ, ਇਸ ਲਈ ਜੋ ਤੁਸੀਂ ਸ਼ਰਾ ਦੇ ਹੇਠ ਨਹੀਂ ਸਗੋਂ ਕਿਰਪਾ ਦੇ ਹੇਠ ਹੋ।''

ਜੇਕਰ ਵਿਸ਼ਵਾਸੀ ਹਾਲੇ ਵੀ ਪ੍ਰੇਮ ਵਿੱਚ ਯਿਸੂ ਦੇ ਹੁਕਮਾਂ ਦੀ ਪਾਲਨਾ ਕਰਨ ਦੀ ਬਜਾਏ ਪੁਰਾਣੇ ਨਿਯਮਾਂ ਨੂੰ ਮੰਨਣਾ ਚਾਹੁੰਦੇ ਹਨ, ਤਾਂ ਉਨ੍ਹਾਂ ਲਈ ਕੁਲੁੱਸੀਆ 2:16-17 ਪੜ੍ਹੋ: ''ਇਸ ਲਈ ਖਾਣ ਪੀਣ ਯਾ ਤਿਉਹਾਰ ਯਾ ਅਮੱਸਿਆ ਯਾ ਸਬਤਾਂ ਦੇ ਵਿਖੇ ਕੋਈ ਤੁਹਾਡੇ ਉੱਤੇ ਦੋਸ਼ ਨਾ ਲਾਵੇ। ਏਹ ਤਾਂ ਹੋਣ ਵਾਲੀਆਂ ਗੱਲਾਂ ਦਾ ਪਰਛਾਵਾਂ ਹਨ ਪਰ ਦੇਹ ਮਸੀਹ ਦੀ ਹੈ।''

**3. ਅਗਲੀ ਅਰਾਧਨਾ ਦੀਆਂ ਗਤੀਵਿਧੀਆਂ ਲਈ ਆਪਣੇ ਸਹਿਕਰਮੀਆਂ ਨਾਲ ਮਿਲਕੇ ਯੋਜਨਾ ਬਣਾਓ।**

ਅਜਿਹੀਆਂ ਗਤੀਵਿਧੀਆਂ ਚੁਣੋ ਜਿਹੜੀਆਂ ਵਰਤਮਾਨ ਲੋੜਾਂ ਅਤੇ ਸਥਾਨਕ ਰਿਵਾਜਾਂ ਲਈ ਢੁੱਕਵੀਆਂ ਹਨ।

ਦੱਸੋ ਕਿਵੇਂ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਦਸ ਹੁਕਮ ਦਿੱਤੇ, ਅਤੇ ਕਿਵੇਂ ਮੂਸਾ ਨੇ ਪਰਮੇਸ਼ੁਰ ਅੱਗੇ ਉਨ੍ਹਾਂ ਲੋਕਾਂ ਨੂੰ ਛੱਡ ਦੇਣ ਦੀ ਮਿੰਨਤ ਕੀਤਾ ਜਿਨ੍ਹਾਂ ਪਾਪ ਕੀਤੀਂਸ ਸੀ।

ਪੁਰਾਣੇ ਨੇਮ ਦੇ ਇਤਿਹਾਸਿਕ ਤੱਥਾਂ ਬਾਰੇ ਦੱਸੋ (ਭਾਗ 1, ਉੱਪਰ)।

ਦੱਸੋ ਕਿਵੇਂ ਪਰਮੇਸ਼ੁਰ ਨੇ ਪੁਰਾਣੇ ਨੇਮ ਨੂੰ ਕਿਰਪਾ ਦੇ ਨਵੇਂ ਨੇਮ ਵਿੱਚ ਬਦਲਿਆ (ਭਾਗ 1, ਉੱਪਰ)।

ਬੱਚਿਆਂ ਨੂੰ ਨਾਟਕ, ਕਵਿਤਾ ਅਤੇ ਪ੍ਰਸ਼ਨ ਜਿਹੜੇ ਉਨ੍ਹਾਂ ਤਿਆਰ ਕੀਤੇ ਹਨ ਪੇਸ਼ ਕਰਨ ਦਿਓ। ਉਨ੍ਹਾਂ ਯੋਜਨਾਵਾਂ ਬਾਰੇ ਦੱਸੋ ਜਿਹੜੀਆਂ ਤੁਸੀਂ ਆਪਣੇ ਸਹਿਕਰਮੀਆਂ ਨਾਲ, ਉਨ੍ਹਾਂ ਲੋਕਾਂ ਕੋਲ ਜਾਣ ਲਈ ਬਣਾਈਆਂ ਹਨ ਜਿਹੜੇ ਪੁਰਾਣੀ ਸ਼ਰਾ ਨਾਲ ਸੰਘਰਸ਼ ਕਰਦੇ ਹਨ।

ਇਕੱਠੇ ਮਿਲਕੇ ਯੂਹੰਨਾ 1:17 ਯਾਦ ਕਰੋ: ''ਤੁਰੇਤ ਤਾਂ ਮੂਸਾ ਦੇ ਰਾਹੀਂ ਦਿੱਤੀ ਗਈ ਸੀ, ਕਿਰਪਾ ਅਤੇ ਸਚਿਆਈ ਯਿਸੂ ਮਸੀਹ ਤੋਂ ਪਹੁੰਚੀ।''

ਪ੍ਰਭੂ ਭੋਜ ਸ਼ੁਰੂ ਕਰਨ ਲਈ, ਕੁਲੁੱਸੀਆਂ 2:13-14 ਪੜ੍ਹੋ। ਦੱਸੋ ਕਿ ਯਿਸੂ ਦੇ ਲਹੂ ਨੇ ਸਾਨੂੰ ਮੌਤ ਦੀ ਸ਼ਰਾ ਦੇ ਸਰਾਪ ਤੋਂ ਅਜ਼ਾਦ ਕੀਤਾ ਹੈ, ਅਤੇ ਪ੍ਰਭੂ ਭੋਜ ਵਿੱਚ ਅਸੀਂ ਉਸਦੇ ਲਹੂ ਦੀ ਕੁਰਬਾਨੀ ਨੂੰ ਮਨਾਉਂਦੇ ਹਾਂ।

ਦੋ ਜਾਂ ਤਿੰਨ ਲੋਕਾਂ ਦੇ ਸਮੂਹ ਵਿੱਚ ਇਕ ਦੂਜੇ ਲਈ ਪ੍ਰਾਰਥਨਾ ਕਰੋ ਅਤੇ ਮਦਦ ਕਰੋ। ਯੋਜਨਾਵਾਂ ਦੀ ਪੁਸ਼ਟੀ ਕਰੋ, ਉਨ੍ਹਾਂ ਲੋਕਾਂ ਦੀ ਮਦਦ ਕਰਨ ਲਈ ਜਿਹੜੇ ਪੁਰਾਣੇ ਨੇਮ ਦੀ ਸ਼ਰਾ ਨੂੰ ਮੰਨਣ ਵਿੱਚ ਸੰਘਰਸ਼ ਕਰਦੇ ਹਨ, ਜਿਸਦੀ ਮੰਗ ਹੁਣ ਪਰਮੇਸ਼ੁਰ ਨਵੇਂ ਨੇਮ ਦੇ ਵਿਸ਼ਵਾਸੀਆਂ ਕੋਲੋਂ ਨਹੀਂ ਕਰਦਾ ਹੈ।

Copyright 2004 © by Paul-Timothy. May be freely copied. Download from www.Paul-Timothy.net